37
8/12/23

ਵੱਲੋਂ

ਕਮਾਂਡੈਂਟ,13ਵੀ ਬਟਾਲੀਅਨ ਪੀ.ਏ.ਪੀ.,
ਕਮ-ਲੋਕ ਸੂਚਨਾ ਅਫਸਰ ਪੀ.ਏ.ਪੀ, ਚੰਡੀਗੜ੍ਹ।

33972
8/12/23

ਸੇਵਾ ਵਿਖੇ

ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ.,
ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ, ਜਲੰਧਰ।

ਨੰਬਰ 28491 /ਏ.ਸੀ-3, ਮਿਤੀ 04-12-2023

ਵਿਸ਼ਾ: **ਸੂਚਨਾ ਅਧਿਕਾਰ ਐਕਟ 2005 ਤਹਿਤ ਮੰਗੀ ਗਈ ਸੂਚਨਾਂ ਬਾਰੇ- ਕੇਸ ਸ੍ਰੀ ਅਰੁਨਦੀਪ ਸਿੰਘ ਪੁੱਤਰ ਮ੍ਰਿਤਕ ਸਿਪਾਹੀ ਰਾਕੇਸ਼ ਕੁਮਾਰ ਨੰਬਰ 13/597, ਬਨੂੰੜ ਬੰਦਾ ਬਹਾਦਰ ਕਲੋਨੀ, ਜਿਲ੍ਹਾ ਮੋਹਾਲੀ।**

ਯਾਦ ਪੱਤਰ

ਹਵਾਲਾ ਆਪ ਜੀ ਦੇ ਦਫਤਰ ਦੇ ਇੰਨਡੋਸ ਨੰਬਰ 43212/ਈ-6, ਮਿਤੀ 02.12.2023 ਵਿਸ਼ੇ ਉਕਤ ਦੇ ਸਬੰਧ ਵਿੱਚ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸ੍ਰੀ ਅਰੁਨਦੀਪ ਸਿੰਘ ਪੁੱਤਰ ਮ੍ਰਿਤਕ ਸਿਪਾਹੀ ਰਾਕੇਸ਼ ਕੁਮਾਰ ਨੰਬਰ 13/597 ਨੇ ਮਿਤੀ 01.09.2023 ਨੂੰ ਇਸ ਦਫਤਰ ਵਿਖੇ ਆਰ.ਟੀ.ਆਈ ਅਧੀਨ ਹੇਠ ਲਿਖੇ ਸੂਚਨਾਂ ਦੀ ਮੰਗ ਕੀਤੀ ਸੀ।

"ਦਫਤਰ ਉਪਮੰਡਲ ਮੈਜਿਸਟਰੇਟ ਮੋਹਾਲੀ ਦੇ ਦਫਤਰ ਕਮਾਂਡੈਂਟ,13ਵੀਂ ਬਟਾਲੀਅਨ ਪੀ.ਏ.ਪੀ ਚੰਡੀਗੜ੍ਹ ਨੂੰ ਕੀਤੇ ਗਏ ਐਡਰੈਸ ਪੱਤਰ ਨੰਬਰ 692/ਬ.ਕ ਮਿਤੀ 17.07.2023 ਰਾਂਹੀਂ ਭੇਜੇ ਪੱਤਰ ਸਬੰਧੀ ਕੀਤੀ ਕਾਰਵਾਈ ਸਮੇਤ ਨੋਟਿੰਗ ਅਤੇ ਲਾਅ ਅਫਸਰ ਵੱਲੋਂ ਲਈ ਗਈ ਰਾਏ ਦੀ ਨੋਟਿੰਗ ਸਮੇਤ ਸੂਚਨਾਂ ਟੋਟਲ ਮੁਹੱਈਆ ਕਾਰਵਾਈ ਜਾਵੇ ਜੀ।ਅਤੇ ਕਲਰਕ ਭਰਤੀ ਕਰਨ ਸਬੰਧੀ ਕੇਸ ਦੀ ਜਾਣਕਾਰੀ ਦਿੱਤੀ ਜਾਵੇ ਜੀ।"

ਉਪਰੋਕਤ ਵਿਸੇ ਦੇ ਸਬੰਧ ਵਿੱਚ ਅਪੀਲ ਕਰਤਾ ਅਰੁਨਦੀਪ ਸਿੰਘ ਨੂੰ ਇਸ ਦਫਤਰ ਦੇ ਪੱਤਰ ਨੰਬਰ 22719/ਏਸ਼ੀ-3 ਮਿਤੀ 22.09.2023 ਰਾਹੀਂ ਉਪਮੰਡਲ ਮੈਜਿਸਟਰੇਟ, ਮੋਹਾਲੀ ਪਾਸੋਂ ਹਾਸਲ ਵਾਰਸਾ ਦਾ ਸਰਟੀਫਿਕੇਟ ਭੇਜਿਆ ਗਿਆ ਸੀ।ਇੱਥੇ ਜਿਕਰਯੋਗ ਹੈ ਕਿ ਸਵੇਧਨਸ਼ੀਲ ਸੂਚਨਾਂ ਹੋਣ ਕਰਕੇ ਲਾਅ ਅਫਸਰ ਵੱਲੋਂ ਲਈ ਗਈ ਰਾਏ ਦੀ ਨੋਟਿੰਗ ਨਹੀਂ ਮੁਹੱਈਆ ਕਰਵਾਈ ਗਈ ਸੀ।

ਸੂਚਨਾਂ ਹਿੱਤ ਪੇਸ਼ ਹੈ ਜੀ।

ਨੱਥੀ:- ਉਕਤ ਅਨੁਸਾਰ।

ਕਮਾਂਡੈਂਟ,
13ਵੀਂ ਬਟਾਲੀਅਨ ਪੀ.ਏ.ਪੀ,
ਚੰਡੀਗੜ੍ਹ।

**ਰਜਿਸਟਰਡ**

ਵੱਲੋਂ

ਇੰਸਪੈਕਟਰ ਜਨਰਲ ਪੁਲਿਸ, ਪੀ.ਏ.ਪੀ.
-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ, ਜਲੰਧਰ।

ਵੱਲ

ਸ਼੍ਰੀ ਅਰੂਨਦੀਪ ਸਿੰਘ ਪੁੱਤਰ ਲੇਟ ਸ਼੍ਰੀ ਰਾਕੇਸ਼ ਕੁਮਾਰ,
ਬੰਦਾ ਬਹਾਦਰ ਕਲੋਨੀ,ਬਨੂੰੜ, ਮੋਹਾਲੀ।

ਨੰਬਰ /ਈ-6 ਮਿਤੀ

ਵਿਸ਼ਾ:- ਸੂਚਨਾਂ ਦੇ ਅਧਿਕਾਰ ਐਕਟ-2005 ਅਧੀਨ ਸੂਚਨਾ ਲੈਣ ਸਬੰਧੀ ਅਪੀਲ।

ਯਾਦ ਪੱਤਰ

ਹਵਾਲਾ ਆਪ ਜੀ ਦੀ ਅਪੀਲ ਮਿਤੀ 17.11.2023, ਵਿਸ਼ਾ ਉਕਤ ਦੇ ਸਬੰਧ ਵਿੱਚ।

2. ਆਪ ਨੂੰ ਸੂਚਨਾਂ ਦੇ ਅਧਿਕਾਰ ਐਕਟ-2005 ਅਧੀਨ ਦਾਇਰ ਕੀਤੀ ਅਪੀਲ ਦੇ ਸਬੰਧੀ ਵਿੱਚ ਸੂਚਿਤ ਕੀਤਾ ਜਾਂਦਾ ਹੈ ਕਿ ਆਪ ਵੱਲੋਂ ਆਰ.ਟੀ.ਆਈ ਐਕਟ ਅਧੀਨ ਦਰਖਾਸਤ ਮਿਤੀ 29.08.2023 ਰਾਹੀਂ ਮੰਗੀ ਗਈ ਸੂਚਨਾ ਵਿੱਚੋ ਜੋ ਸੂਚਨਾ/ਦਸਤਾਵੇਜ਼ ਆਰ.ਟੀ.ਆਈ ਐਕਟ 2005 ਅਧੀਨ ਮੁਹੱਈਆਂ ਕਰਨ ਯੋਗ ਸੀ, ਉਹ ਪਹਿਲਾ ਹੀ ਕਮਾਂਡੈਂਟ, 13ਵੀ ਬਟਾਲੀਅਨ-ਕਮ-ਲੋਕ ਸੂਚਨਾ ਅਫਸਰ ਪੀ.ਏ.ਪੀ.,ਚੰਡੀਗੜ੍ਹ ਵੱਲੋਂ ਆਪਣੇ ਦਫਤਰ ਦੇ ਪੱਤਰ ਨੰਬਰ 22719/ਏਸੀ-3, ਮਿਤੀ 22.09.2023 ਰਾਹੀਂ ਆਪ ਜੀ ਨੂੰ ਭੇਜੀ ਜਾ ਚੁੱਕੀ ਹੈ। ਇਸ ਲਈ ਆਪ ਜੀ ਦੀ ਅਪੀਲ ਮਿਤੀ 17.11.2023 ਰੱਦ ਕੀਤੀ ਜਾਂਦੀ ਹੈ ਜੀ।

ਇਸਪੈਕਟਰ ਜਨਰਲ ਪੁਲਿਸ, ਪੀ.ਏ.ਪੀ
-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ ਜਲੰਧਰ।

ਨੰਬਰ 291-92 /ਈ-6 ਮਿਤੀ 03-01-24

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ:-

1. ਕਮਾਂਡੈਂਟ, 13ਵੀ ਬਟਾਲੀਅਨ-ਕਮ-ਲੋਕ ਸੂਚਨਾ ਅਫਸਰ ਪੀ.ਏ.ਪੀ.,ਚੰਡੀਗੜ ਨੂੰ ਉਹਨਾ ਦੇ ਦਫਤਰ ਦੇ ਪੱਤਰ ਨੰਬਰ 28491/ਏਸੀ-3, ਮਿਤੀ 04.12.2023 ਅਤੇ ਪੱਤਰ ਨੰਬਰ 29412/ਏਸੀ-3, ਮਿਤੀ 16.12.2023 ਦੇ ਹਵਾਲੇ ਵਿੱਚ।
2. ਇੰਚਾਰਜ ਵੈਬ-ਸਾਈਟ ਪੀ.ਏ.ਪੀ., ਨੂੰ ਸਮੇਤ ਅਪੀਲ ਦੀ ਕਾਪੀ।

ਇਸਪੈਕਟਰ ਜਨਰਲ ਪੁਲਿਸ, ਪੀ.ਏ.ਪੀ
-ਕਮ-ਪਹਿਲੇ ਅਪੀਲੀ ਪ੍ਰਾਧਿਕਾਰੀ ਜਲੰਧਰ।